ਪੰਜਾਬ ਸਰਕਾਰ
ਸਿੱਖਿਆ ਵਿਭਾਗ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਮੰਡਲ ਸਿੱਖਿਆ ਅਫ਼ਸਰ/
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)

ਮੀਮੋ ਨੰ. 15/15-2018 ਏ2 ਨਾਨ ਗ(1)/117
ਮਿਤੀ: ੧੫.੩.੧੮

**ਵਿਸ਼ਾ:-** **ਅਧਿਆਪਕਾਂ ਵੱਲੋਂ ਮੈਡੀਕਲ ਛੁੱਟੀ ਲੈਣ ਸਬੰਧੀ ਸਪੱਸ਼ਟੀਕਰਨ।**

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਮੈਡੀਕਲ ਛੁੱਟੀ ਦੇਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਪਰ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਅਧਿਆਪਕ ਇੱਕ-ਇੱਕ ਦਿਨ ਦੀ ਮੈਡੀਕਲ ਛੁੱਟੀ ਲੈਣ ਲਈ ਪ੍ਰਤੀ ਬੇਨਤੀਆਂ ਦੇ ਦਿੰਦੇ ਹਨ, ਪਰ ਇਸ ਸਬੰਧ ਵਿੱਚ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਵਾਲਯੂਮ-1, ਭਾਗ-1 ਦੇ ਨਿਯਮ 8.16(2) ਵਿੱਚ ਨਿਮਨ ਲਿਖਤ ਅਨੁਸਾਰ ਉਪਬੰਧ ਹੈ:-

8.16(2) The authority competent to grant leave may, in its discretion waive the production of medical certificate in case of an application for leave for a period not exceeding three days at a time. Such leave shall not, however, be treated as leave on medical certificate and shall be debited against leave other than leave on medical grounds.

ਉਪਰੋਕਤ ਨਿਯਮਾਂ ਦੇ ਸਨਮੁੱਖ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਕਰਮਚਾਰੀ ਤਿੰਨ ਦਿਨਾਂ ਤੋਂ ਘੱਟ ਦੀ ਮੈਡੀਕਲ ਛੁੱਟੀ ਦੀ ਮੰਗ ਕਰਦਾ ਹੈ ਤਾਂ:-

(i) ਜਾਂ ਕਰਮਚਾਰੀ ਨੂੰ ਮੈਡੀਕਲ ਸਰਟੀਫਿਕੇਟ ਦੇਣ ਲਈ ਕਿਹਾ ਜਾਵੇ।
(ii) ਜਾਂ ਜੇਕਰ ਕਰਮਚਾਰੀ ਮੈਡੀਕਲ ਸਰਟੀਫਿਕੇਟ ਪੇਸ਼ ਨਹੀਂ ਕਰਦਾ ਤਾਂ ਉਸ ਦੀ ਮੈਡੀਕਲ ਛੁੱਟੀ ਤੋਂ ਇਲਾਵਾ ਹੋਰ ਕਿਸੇ ਕਿਸਮ ਦੀ ਛੁੱਟੀ ਪ੍ਰਵਾਨ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ

ਪਿ੦ ਅੰਕਣ ਨੰ: ਉਕਤ
ਮਿਤੀ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ / ਐ.ਸਿ.), ਪੰਜਾਬ।